# ਕਲਾ ਦੇ ਝਰੋਖੇ ਤੋਂ

**ਨਾਟਕ ਰਾਜ ਭਵਨ ਦਾ :** ਇਹ ਨਵਾਂ ਨਾਟਕ ਹੈ, ਜੋ ਸਤੰਬਰ 1994 ਵਿਚ ਲਿਖਿਆ ਗਿਆ ਹੈ। ਨਾਟਕ ਸ਼ੁਰੂ ਹੁੰਦਾ ਹੈ, ਇਕ ਅਖਬਾਰ ਵੇਚਣ ਵਾਲਾ ਮੰਚ 'ਤੇ ਆਉਂਦਾ ਹੈ। ਉਸ ਦੇ ਬੋਲ ਹਨ-ਅੱਜ ਦਾ ਅਖਬਾਰ, ਦੱਸਦਾ ਹੈ ਇਹ ਸਮਾਚਾਰ। ਰਾਜ ਭਵਨ ਵਿਚ ਘੁਟਾਲਾ ਹੈ, ਦਾਲ ਵਿਚ ਕੁਝ ਕਾਲਾ ਹੈ। -ਅਖਬਾਰ ਧੜਾਧੜ ਵਿਕ ਰਹੀ ਹੈ। ਲੋਕ ਖਬਰ ਵੀ ਪੜ੍ਹਦੇ ਹਨ ਤੇ ਟਿੱਪਣੀ ਵੀ ਕਰਦੇ ਹਨ। ਇਕ ਖਬਰ ਹੈ ਕਿ ਅੱਸੀ ਕਰੋੜ ਦੀ ਰਕਮ ਰਾਜ ਭਵਨ ਵਿਚੋਂ ਲੱਭੀ ਹੈ। ਇਕ ਹੋਰ ਅਨੁਮਾਨ ਹੈ ਕਿ ਰਕਮ ਏਨੀ ਨਹੀਂ ਥੋੜ੍ਹੀ ਹੈ। ਉਸ ਤੋਂ ਅੱਗੇ ਵੀ ਇਹ ਅਨੁਮਾਨ ਹੈ ਕਿ ਰਕਮ ਇਸ ਤੋਂ ਵੱਧ ਹੈ। ਜਿਤਨੇ ਮੂੰਹ ਹਨ, ਉਤਨੀਆਂ ਗੱਲਾਂ ਹਨ। ਸਰਕਾਰ ਵਲੋਂ ਕੋਈ ਬਿਆਨ ਨਹੀਂ। ਗੁਪਤ ਇਹ ਰਾਜ਼ ਹੈ, ਇਹੋ ਹੀ ਵੱਡੀ ਬਾਤ ਹੈ। ਰਾਜ ਚਲਾਉਣ ਵਾਲੇ ਮੰਤਰੀ ਆਉਂਦੇ ਹਨ। ਆਪਸ ਵਿਚ ਸਿਰ ਜੋੜ ਕੇ ਗੱਲਾਂ ਕਰਦੇ ਹਨ। ਬੜੀ ਮਾੜੀ ਗੱਲ ਹੈ। ਕੀ ਪਤਾ ਸੀ ਰਾਜ ਭਵਨ ਦੇ ਰਾਜਪਾਲ ਨੇ ਇਸ ਤਰ੍ਹਾਂ ਅਚਾਨਕ ਚਲੇ ਜਾਣਾ ਸੀ। ਬੜਾ ਚੰਗਾ ਸਾਸ਼ਕ ਸੀ। ਏਨੀ ਰਕਮ ਨੱਪੀ ਬੈਠਾ ਸੀ, ਧੂੰ ਨਹੀਂ ਨਿਕਲਣ ਦਿੱਤਾ।

ਸੰਤਾਂ ਦਾ ਪੈਰੋਕਾਰ ਸੀ, ਇਖ਼ਲਾਕ ਦਾ ਬੜਾ ਬੁਲੰਦ ਸੀ। ਲੋਕਾਂ ਲਈ ਚੰਦ ਸੀ ਭਲਾ ਕੋਈ ਚੰਦ 'ਤੇ ਥੁੱਕ ਸਕਦਾ ਏ? ਲੋਕ ਤਾਂ ਐਵੇਂ ਗੱਲਾਂ ਕਰਦੇ ਨੇ। ਉਹਦੀ ਯਾਦ ਵਿਚ ਟਰਸਟ ਬਣਾਇਆ ਜਾਏ। ਉਹਦੀ ਯਾਦ ਨੂੰ ਅਮਰ ਬਣਾਇਆ ਜਾਏ। ਭਲਾ ਇਹੋ ਜਿਹਾ ਸਾਸ਼ਕ ਕਿਧਰੇ ਲੱਭ ਸਕਦਾ ਏ? ਦੇਸ਼ ਨੂੰ ਇਹੋ ਜਿਹੇ ਸਪੂਤਾਂ ਦੀ ਲੋੜ ਹੈ। ਅੱਸੀ ਕਰੋੜ ਦੱਬ ਲੈਣ, ਇਕ ਅਰਬ ਦੱਬ ਲੈਣ ਪਰ ਸਾਰਾ ਕੁਝ ਗੁਪਤ ਰਹੇ।

ਇਹ ਇਕ ਰਾਜ਼ ਹੈ, ਕਹਿੰਦੇ ਇਸ ਨੂੰ ਚੰਗਾ ਰਜ ਹੈ- ਅਖਬਾਰ ਵਾਲਾ ਫੇਰ ਆਂਦਾ ਹੈ। ਸੰਪਾਦਕੀ ਪੜ੍ਹੋ। ਲੋਕਾਂ ਵਿਚ ਸਵਾਲ ਹੈ ਕਿ ਏਨੀ ਰਕਮ ਆਈ ਕਿਥੋਂ? ਇਹ ਇਕ ਸਵਾਲ ਹੈ, ਮੰਗਣਾ ਜੋ ਜਵਾਬ ਹੈ। ਸਵਾਲ ਨਾਟਕੀ ਢੰਗ ਨਾਲ ਇਕ ਮੂੰਹ ਤੋਂ ਦੂਜੇ ਮੂੰਹ ਤਕ ਸਫਰ ਕਰਦਾ ਹੈ। ਸਵਾਲ ਵਾਤਾਵਰਨ 'ਤੇ ਛਾ ਗਿਆ। ਰਕਮ ਆਈ ਕਿਥੋਂ? ਇਕ ਗਰੀਬੜਾ ਜਿਹਾ ਬੰਦਾ ਬੜੇ ਨਾਟਕੀ ਢੰਗ ਨਾਲ ਸਟੇਜ ਤੇ ਆਂਦਾ ਹੈ। ਉਹ ਨੰਗਾ ਧੜੰਗਾ ਹੱਡੀਆਂ ਦੀ ਮੁੱਠ ਏ। ਤੇੜ ਉਹਦੇ ਸਿਰਫ ਇਕ ਪਰਨਾ ਏ। ਸਵਾਲ ਜਦੋਂ ਉਚਾ ਹੁੰਦਾ ਹੈ ਤਾਂ ਉਹ ਬੋਲਦਾ ਹੈ-ਇਹ ਰਕਮ ਕਲਕੱਤੇ ਤੋਂ ਨਹੀਂ ਆਈ, ਬੰਬਈ ਤੋਂ ਨਹੀਂ ਆਈ, ਦਿੱਲੀ ਤੋਂ ਨਹੀਂ ਆਈ। ਮੈਂ ਦਸਨਾ ਕਿਥੋਂ ਆਈ? ਤੂੰ ਕੌਣ? ਮੈਂ ਭਾਰਤ ਦੇਸ਼ ਦਾ ਇਕ ਸ਼ਹਿਰੀ। ਕਿਸੇ ਵੇਲੇ ਮੇਰੇ ਤਨ 'ਤੇ ਕੱਪੜੇ ਸਨ। ਪਰ ਹੁਣ ਮੈਂ ਨੰਗਾ ਹਾਂ। ਮੇਰੇ ਕੱਪੜੇ ਰਕਮ ਬਣ ਕੇ ਰਾਜ ਭਵਨ ਦੀ ਤਜੋਰੀ ਵਿਚ ਚਲੇ ਗਏ। ਕਿਸੇ ਵੇਲੇ ਮੇਰੀਆਂ ਹੱਡੀਆਂ 'ਤੇ ਮਾਸ ਸੀ। ਹੁਣ ਹੱਡੀਆਂ ਨੰਗੀਆਂ ਨੇ ਮੇਰਾ ਮਾਸ ਨੋਟਾਂ ਦੀ ਸ਼ਕਲ ਵਿਚ ਰਾਜ ਭਵਨ ਦੀਆਂ ਅਲਮਾਰੀਆਂ ਵਿਚ ਚਲਿਆ ਗਿਆ। ਮੈਂ ਹੀ ਛਿਲਿਆ ਗਿਆ ਹਾਂ। ਮੈਂ ਹੀ ਰੰਦਿਆ ਗਿਆ ਹਾਂ। ਇਹ ਰਕਮ ਹਵਾ ਵਿਚੋਂ ਨਹੀਂ ਆਈ, ਜ਼ਮੀਨ ਵਿਚੋਂ ਨਹੀਂ ਉਗੀ। ਮੈਂ ਹੀ ਲੁੱਟਿਆ ਗਿਆ ਹਾਂ। ਰਕਮ ਕਿਥੋਂ ਆਈ? ਭਾਰਤ ਦਾ ਨਾਗਰਿਕ ਹੁੰਦਿਆਂ ਹੋਇਆਂ ਛਿੱਲਿਆ ਗਿਆ। ਪਤਾ ਲੱਗ ਗਿਆ ਰਾਜ਼ ਹੈ। ਹੱਲ ਹੋ ਗਿਆ ਸਵਾਲ ਹੈ। ਇਹੀ ਨਾਟਕ ਦੀ ਬਾਤ ਹੈ।

**ਚੌਥੀ ਕੂੰਟ ਕਹਾਣੀ ਸੰਗ੍ਰਹਿ :** ਪ੍ਰੇਮ ਪ੍ਰਕਾਸ਼ ਦੀ ਸੰਪਾਦਨਾ ਥੱਲੇ ਇਹ ਨੌਂ ਕਹਾਣੀਆਂ ਦਾ ਕਹਾਣੀ ਸੰਗ੍ਰਹਿ ਹੈ। ਇਸ ਵਿਚ, ਅਮਰਗਿਰੀ/ ਨਾਨੀਆਂ, ਜਿੰਦਰ/ ਤੁਸੀਂ ਨਹੀਂ ਸਮਝ ਸਕਦੇ, ਜਸਵਿੰਦਰ ਸਿੰਘ/ ਖੂਹ ਖਾਤੇ, ਗੁਰਮੀਤ ਕੜਿਆਲਵੀ/ ਹੱਡਾ ਰੋੜੀ ਤੇ ਰੇਹੜੀ, ਅਵਤਾਰ ਸਿੰਘ ਬਿਲਿੰਗ/ ਦਾਨਵ, ਦੇਸ ਰਾਜ ਕਾਲੀ/ ਦਬਾਅ, ਬਿੰਦਰ ਬਸਰਾ/ ਤਨਾਓ ਮੁਕਤ, ਭਗਵੰਤ ਰਸੂਲੀਪੁਰੀ/ ਕੀੜਾ ਅਤੇ ਜਗਰੂਪ ਦਾਤੇਵਾਸ/ ਬੰਜਰ, ਕਹਾਣੀਆਂ ਸ਼ਾਮਿਲ ਹਨ। ਇਨ੍ਹਾਂ ਕਹਾਣੀਆਂ ਦਾ ਵਿਸ਼ਾ ਅਤੇ ਵਿਸ਼ੇ ਦਾ ਵਿਸ਼ਲੇਸ਼ਣ ਸੈਕਸ ਅਧਾਰਿਤ ਹੈ। ਸਮਾਜ ਦਾ ਜੋ ਵਰਤਾਰਾ ਚੱਲ ਰਿਹਾ ਹੈ, ਉਸ ਵਿਚ ਸਾਧਾਰਨ ਬੰਦਾ ਥੁੜ੍ਹਾਂ ਦਾ ਸ਼ਿਕਾਰ ਹੈ। ਉਸ ਦੀਆਂ ਮਜਬੂਰੀਆਂ ਹਨ। ਇਹ ਥੁੜ੍ਹਾਂ, ਇਹ ਮਜਬੂਰੀਆਂ ਕਈ ਕਿਸਮ ਦੇ ਪ੍ਰਤੀਕਰਮ ਪੈਦਾ ਕਰਦੀਆਂ ਹਨ, ਉਨ੍ਹਾਂ ਵਿਚ ਇਕ ਪ੍ਰਤੀਕਰਮ ਕਿਸੇ ਵਿਅਕਤੀ ਦਾ ਅਸਾਧਾਰਨ ਸੈਕਸ ਵਰਤਾਰਾ ਵੀ ਹੋ ਸਕਦਾ ਹੈ। ਇਹ ਰੋਹ ਦੀ ਸ਼ਕਲ ਵਿਚ ਵੀ ਹੋ ਸਕਦਾ ਹੈ, ਸਹਿਜ ਵਿਦਰੋਹ ਦੀ ਸ਼ਕਲ ਵਿਚ ਵੀ ਹੈ ਅਤੇ ਖੁੱਲ੍ਹੀ ਬਗਾਵਤ ਵਿਚ ਵੀ ਹੋ ਸਕਦਾ ਹੈ। ਸਾਹਿਤਕਾਰ ਨੇ ਇਹ ਸਾਰੇ ਰੁਝਾਨ ਪ੍ਰਗਟਾਏ ਹੁੰਦੇ ਹਨ। ਸਾਹਿਤ ਦੇ ਇਤਿਹਾਸ ਵਿਚ ਉਹਦੀਆਂ ਬਕਾਇਦਾ ਮਿਸਾਲਾਂ ਹਨ। ਵੰਡ ਵੇਲੇ ਦੇ ਸਾਹਿਤ ਵਿਚ ਜੇਕਰ ਮੰਟੋ ਦੀਆਂ ਖੋਲ੍ਹ ਦੋ ਵਰਗੀਆਂ ਕਹਾਣੀਆਂ ਹਨ ਤਾਂ ਕ੍ਰਿਸ਼ਨ ਚੰਦਰ, ਖਵਾਜ਼ਾ ਅਹਿਮਦ ਅੱਬਾਸ ਅਤੇ ਬੇਦੀ ਦੀਆਂ ਕਹਾਣੀਆਂ ਵੀ ਹਨ। ਪ੍ਰੇਮ ਪ੍ਰਕਾਸ਼ ਦੀਆਂ ਸੰਪਾਦਤ ਕਹਾਣੀਆਂ ਵਿਚ ਕਹਾਣੀਕਾਰ ਇਕ ਵਿਸ਼ੇਸ਼ ਪਹੁੰਚ ਅਪਨਾਂਦੇ ਹਨ। ਇਹ ਕਹਾਣੀਆਂ ਕਹਾਣੀ ਕਲਾ ਦੀਆਂ ਚੰਗੀਆਂ ਪ੍ਰਾਪਤੀਆਂ ਹਨ। ਪਰ ਮੁੱਖਬੰਦ ਵਿਚ ਉਠਦਾ ਇਹ ਦਾਅਵਾ ਕਿ ਇਹੋ ਕਹਾਣੀਆਂ ਨਵੀਂ ਕਹਾਣੀ ਕਹਿਲਾਉਣ ਦੇ ਯੋਗ ਹਨ ਕਿਉਂਕਿ ਇਨ੍ਹਾਂ ਵਿਚ ਵਰਗ ਵੰਡ ਦੀ ਧਾਰਨਾ ਅਤੇ ਅਲੰਕਾਰ ਰੋਗ ਨਹੀਂ ਸਗੋਂ ਇਹ ਚੌਥੀ ਕੂੰਟ ਦੀ ਵਰਜਿਤ ਦਿਸ਼ਾ ਵੱਲ ਚੱਲਣ ਦਾ ਹੌਂਸਲਾ ਰੱਖਦੀਆਂ ਹਨ, ਠੀਕ ਨਹੀਂ ਹੈ।

ਪ੍ਰੇਮ ਪ੍ਰਕਾਸ਼ ਤੇ ਉਹਦੀ ਸੋਚ ਦੇ ਹੋਰ ਲੇਖਕ ਚੰਗੀ ਕਹਾਣੀ ਲਿਖ ਸਕਦੇ ਹਨ ਤੇ ਲਿਖ ਵੀ ਰਹੇ ਹਨ, ਪੰਜਾਬੀ ਸਾਹਿਤ ਲਈ ਇਹ ਇਕ ਮੁਬਾਰਕ ਗੱਲ ਹੈ ਪਰ ਜੇਕਰ ਉਹ ਇਹ ਭਰਮ ਪਾਲ ਲੈਣ ਕਿ ਉਹੀ ਨਵੀਂ ਕਹਾਣੀ ਲਿਖ ਰਹੇ ਹਨ। ਬਾਕੀ ਜੋ ਕਹਾਣੀ ਲਿਖ ਰਹੇ ਹਨ, ਜਿਨ੍ਹਾਂ ਵਿਚ ਸਮਾਜਕ ਨਿਆਂ ਦਾ ਵਿਸ਼ਾ ਲਿਆ ਜਾਂਦਾ ਹੈ, ਉਹ ਨਵੀਂ ਕਹਾਣੀ ਨਹੀਂ ਤਾਂ ਇਹ ਇਕ ਵੱਡੀ ਗਲਤੀ ਹੈ। ਸਾਹਿਤ ਵਿਚ ਹਰ ਇਕ ਨੂੰ ਆਪਣੀ ਪਹੁੰਚ ਅਪਣਾਉਣ ਦਾ ਹੱਕ ਹੈ। ਇਨ੍ਹਾਂ ਫਤਵਿਆਂ ਅਤੇ ਵੱਡੇ ਦਾਅਵਿਆਂ ਦੇ ਰੁਝਾਨ ਉਤੇ ਕਾਬੂ ਪਾਉਣ ਦੀ ਲੋੜ ਹੈ। ਇਹ ਗੱਲ ਸਾਰੇ ਸਾਹਿਤਕਾਰਾਂ ਉਤੇ ਲਾਗੂ ਹੁੰਦੀ ਹੈ।

**ਗੁਰਸ਼ਰਨ ਸਿੰਘ**